**ਪ੍ਰੈੱਸ ਨੋਟ** **ਮਿਤੀ 13/03/2018**

ਅੱਜ ਸ੍ਰੀ ਨਵੀਨ ਸਿੰਗਲਾ ਆਈ.ਪੀ.ਐਸ.ਸੀਨੀਅਰ ਕਪਤਾਨ ਪੁਲਿਸ ਬਠਿੰਡਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆ ਹੋਇਆ ਦੱਸਿਆ ਕਿ ਮਿਤੀ 07/07/2017 ਨੂੰ ਮ੍ਰਿਤਕ ਬੂਟਾ ਖਾਨ ਦੀ ਘਰ ਵਾਲੀ ਪ੍ਰਵੇਜ ਕੌਰ ਨੇ ਥਾਣਾ ਮੌੜ ਜਾ ਕੇ ਇਤਲਾਹ ਦਿੱਤੀ ਸੀ ਕਿ ਉਸ ਦਾ ਘਰ ਵਾਲਾ ਬੂਟਾ ਖਾਨ ਮਿਤੀ 05/07/2017 ਨੂੰ ਸ਼ਾਮ ਕਰੀਬ 8:30 ਵਜੇ ਘਰੋ ਰੋਜ਼ ਦੀ ਤਰ੍ਹਾ ਆਪਣੀ ਚੌਂਕੀਦਾਰ ਦੀ ਡਿਉਟੀ ਪਰ ਅਮਰਜੋਤੀ ਸ਼ੈਲਰ ਮੌੜ ਗਿਆ ਸੀ ਵਾਪਸ ਨਹੀ ਆਇਆ ਜਿਸ ਨੂੰ ਕੋਈ ਨਾ ਮਾਲੂਮ ਵਿਅਕਤੀ ਨਾਲ ਲੈ ਗਏ ਹਨ। ਜਿਸ ਸਬੰਧੀ ਮੁਕੱਦਮਾ ਨੰਬਰ 122 ਮਿਤੀ 07/07/2017 ਅ/ਧ 346 ਆਈ.ਪੀ.ਸੀ ਥਾਣਾ ਮੌੜ ਦਰਜ ਕੀਤਾ ਗਿਆ ਸੀ। ਉਸ ਵਕਤ ਦੇ ਮੁੱਖ ਅਫਸਰ ਸੰਦੀਪ ਭਾਟੀ ਥਾਣਾ ਮੌੜ ਨੇ ਬੂਟਾ ਖਾਨ ਦੀ ਤਲਾਸ਼ ਵਿਚ ਕਈ ਪੁਲਿਸ ਪਾਰਟੀਆਂ ਵੱਖ ਵੱਖ ਥਾਵਾਂ ਤੇ ਭੇਜੀਆਂ ਸਨ। ਫਿਰ ਮਿਤੀ 08/07/2017 ਨੂੰ ਮ੍ਰਿਤਕ ਬੂਟਾ ਖਾਨ ਦੀ ਅਮਰਜੋਤੀ ਸ਼ੈਲਰ ਦੇ ਗਟਰ ਵਿਚੋ ਲਾਸ਼ ਮਿਲਣ ਤੇ ਜੁਰਮ 302/201 ਆਈ.ਪੀ.ਸੀ ਦਾ ਵਾਧਾ ਕੀਤਾ ਗਿਆ ਸੀ। ਹੁਣ ਤੱਕ ਇਸ ਮੁਕੱਦਮਾ ਨੂੰ ਟਰੇਸ ਕਰਨ ਲਈ ਵੱਖ ਵੱਖ ਪੁਲਿਸ ਅਫਸਰਾ ਵੱਲੋਂ ਪੂਰਜ਼ੋ ਰ ਕੋਸ਼ਿਸ਼ ਕੀਤੀ ਗਈ ਸੀ। ਮਾਮਲਾ ਗੰਭੀਰ ਅਤੇ ਪੇਚੀਦਾ ਹੋਣ ਕਰਕੇ ਇਸ ਅੰਨੇ ਕਤਲ ਦੀ ਗੁੱਥੀ ਸੁਲਝਾਉਣ ਲਈ ਜੇਰ ਨਿਗਰਾਨੀ **ਸਵਰਨ ਸਿੰਘ ਖੰਨਾ ਪੀ.ਪੀ.ਐੱਸ.ਕਪਤਾਨ ਪੁਲਿਸ (ਇੰਨਵੈ:) ਬਠਿੰਡਾ ਅਤੇ ਕਰਨਸ਼ੇਰ ਸਿੰਘ ਪੀ.ਪੀ.ਐੱਸ. ਉਪ ਕਪਤਾਨ ਪੁਲਿਸ (ਇੰਨਵੈ:)ਬਠਿੰਡਾ ਇਸ ਮੁਕੱਦਮਾ ਦੀ ਅਗਲੀ ਤਫਤੀਸ਼ ਇੰਸ:ਰਾਜਿੰਦਰ ਕੁਮਾਰ ਇੰਚਾਰਜ ਸੀ.ਆਈ.ਏ.ਸਟਾਫ ਬਠਿੰਡਾ ਨੂੰ ਸੌਂਪੀ ਗਈ ਸੀ।** ਜਿਹਨਾਂ ਨੇ ਆਪਣੀ ਟੀਮ ਦੇ ਸਹਿਯੋਗ ਨਾਲ, ਖੁਫੀਆਂ ਸੋਰਸਾ ਅਤੇ ਗਵਾਹਾਂ ਦੇ ਬਿਆਨਾਤ ਦੇ ਆਧਾਰ ਤੇ ਮੁਕੱਦਮਾ ਵਿੱਚ ਮਿਤੀ 12/03/2018 ਨੂੰ ਦੋਸ਼ੀ ਉਧੇਵੀਰ ਸਿੰਘ ਉਰਫ ਪਪੂ ਪੁੱਤਰ ਰੂਪ ਸਿੰਘ ਕੌਮ ਠਾਕੁਰ ਪਿੰਡ ਪਰਗਮਾ ਥਾਣਾ ਭੋਗਾਓ ਜਿਲ੍ਹਾ ਮੇਨਪੁਰੀ (ਯੂਪੀ), ਹਾਲ ਆਬਾਦ ਚਾਰ ਚਮਨ ਬਸਤੀ, ਸਿਰਸਾ ਰੋਡ, ਮਾਨਸਾ (ਉਮਰ 48 ਸਾਲ) ਨੂੰ ਨਾਮਜਦ ਕਰਕੇ ਅੱਜ ਮਿਤੀ 13/03/2018 ਨੂੰ ਸੁਭਾ ਵਕਤ ਕਰੀਬ 7 ਵਜੇ ਮਾਨਸਾ ਕੈਂਚੀਆਂ ਤੋ ਗ੍ਰਿਫਤਾਰ ਕੀਤਾ। ਜਿਸ ਦੀ ਪੁੱਛਗਿਛ ਕਰਨ ਦੌਰਾਨ **ਉਸ ਦੇ ਇੰਕਸ਼ਾਫ ਕਰਨ ਤੇ ਉਸ ਦੇ ਘਰੋ ਟਰੰਕ ਵਿਚੋ ਮ੍ਰਿਤਕ ਦਾ ਮੋਬਾਇਲ ਫੋਨ ਮਾਰਕਾ ਜੀ.ਬੀ.ਐਨ 9003 ਰੰਗ ਕਾਲਾ, ਮ੍ਰਿਤਕ ਦਾ ਪਰਸ ਜਿਸ ਵਿੱਚ ਮ੍ਰਿਤਕ ਦਾ ਆਧਾਰ ਕਾਰਡ ਅਤੇ ਡਰਾਇਵਿੰਗ ਲਾਇਸੈਂਸ ਅਤੇ ਸ਼ੈਲਰ ਦੀਆਂ ਚਾਬੀਆਂ ਬਰਾਮਦ ਕੀਤੀਆਂ ਅਤੇ ਮ੍ਰਿਤਕ ਨੂੰ ਮਾਰਨ ਵਕਤ ਵਰਤੀ ਕੁਹਾੜੀ ਬਠਿੰਡਾ ਜਾਖਲ ਰੇਲਵੇ ਲਾਇਨ ਮੌੜ ਮੰਡੀ ਤੋਂ ਪਿੰਡ ਕੱਲ੍ਹੋ ਨੂੰ ਜਾਂਦੀ ਲਿੰਕ ਰੋਡ ਕਾਲੇ ਦੇ ਸ਼ੈਲਰ ਸਾਹਮਣੇ ਦਰਖਤ ਦੀ ਜੜ ਨੇੜੇਓ ਘਾਹ ਫੂਸ ਥੱਲੋਂ ਬਰਾਮਦ ਕਰਾਈ ਹੈ।** ਜਿਸ ਨੇ ਪੁੱਛਗਿਛ ਦੋਰਾਨ ਦੱਸਿਆ ਕਿ ਉਹ ਆਪਣੇ ਪਰਿਵਾਰ ਸਮੇਤ ਮੌੜ ਕਲਾਂ ਵਿਖੇ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਸੀ। ਅਰਸਾ ਕਰੀਬ 8 ਸਾਲ ਤੋਂ ਵਿਸ਼ਨੂੰ ਕੁਮਾਰ ਪਾਸ ਕੰਮ ਕਰ ਰਿਹਾ ਸੀ। ਉਹ ਉਸ ਦੇ ਸ਼ੈਲਰ ਵਿੱਚ ਦਿਨ ਦਾ ਚੌਂਕੀਦਾਰਾ ਕਰਦਾ ਸੀ ਅਤੇ ਉਸਦਾ ਘਰੇਲੂ ਕੰਮ ਕਾਰ ਵੀ ਕਰ ਦਿੰਦਾ ਸੀ ਜਿਸ ਦੇ ਬਦਲੇ ਉਸ ਨੂੰ 8000 ਰੁਪਏ ਹਰ ਮਹੀਨੇ ਤਨਖਾਹ ਮਿਲਦੀ ਸੀ। ਮ੍ਰਿਤਕ ਬੂਟਾ ਖਾਨ ਵੀ ਮੌੜ ਕਲਾਂ ਵਿਖੇ ਆਪਣੇ ਮਕਾਨ ਵਿੱਚ ਪਰਿਵਾਰ ਸਮੇਤ ਰਹਿੰਦਾ ਸੀ। ਜੋ ਮੌੜ ਵਿਖੇ ਸ਼ੈਲਰਾ ਵਿੱਚ ਚੌਂਕੀਦਾਰਾ ਦਾ ਕੰਮ ਕਰਦਾ ਸੀ। ਮਰਨ ਤੋਂ ਕਰੀਬ 9 ਮਹੀਨੇ ਪਹਿਲਾਂ ਬੂਟਾ ਖਾਨ ਵਿਸ਼ਨੂੰ ਕੁਮਾਰ ਦੇ ਸ਼ੈਲਰ ਵਿੱਚ ਰਾਤ ਦਾ ਚੌਂਕੀਦਾਰਾ ਕਰਨ ਲੱਗਾ ਸੀ। ਇਕੋ ਸ਼ੈਲਰ ਵਿੱਚ ਹੋਣ ਕਾਰਨ ਉਹਨਾਂ ਦੋਨਾਂ ਦਾ ਮੇਲ ਮਿਲਾਪ ਹੁੰਦਾ ਰਹਿੰਦਾ ਸੀ। ਫਿਰ ਦਸੰਵਰ 2016 ਵਿੱਚ ਸੁਭਾ ਜਦ ਉਹ **ਆਪਣੇ ਮਾਲਕ ਵਿਸ਼ਨੂੰ ਕੁਮਾਰ ਦੇ ਘਰ ਉਸ ਦੀ ਲੱਤ ਦੀ ਮਾਲਸ਼ ਕਰਨ ਗਿਆ ਸੀ ਤਾਂ ਉਸ ਵਕਤ ਵਿਸ਼ਨੂੰ ਕੁਮਾਰ ਦੀ ਘਰ ਵਾਲੀ ਰਸੋਈ ਵਿੱਚ ਕੰਮ ਕਰ ਰਹੀ ਸੀ ਉਸ ਨੇ ਮਾਲਸ਼ ਤੋਂ ਬਾਅਦ ਵਿਸ਼ਨੂੰ ਕੁਮਾਰ ਤੋਂ ਅੱਖ ਬਚਾ ਕੇ ਉਸ ਦੀ ਅਲਮਾਰੀ ਵਿੱਚੋ 64,000 ਰੁਪਏ ਕੱਢ ਲਏ ਸੀ। ਜਿਸ ਬਾਰੇ ਬਾਅਦ ਵਿੱਚ ਵਿਸ਼ਨੂੰ ਕੁਮਾਰ ਨੂੰ ਪਤਾ ਲੱਗ ਗਿਆ ਸੀ। ਜਿਸ ਕਾਰਨ ਵਿਸ਼ਨੂੰ ਕੁਮਾਰ ਨੇ ਉਸ ਨੂੰ ਮ੍ਰਿਤਕ ਬੂਟਾ ਖਾਨ ਤੋਂ ਬਹੁਤ ਕੁਟਵਾਇਆ ਸੀ। ਜਿਸ ਦਾ ਉਸ ਨੂੰ ਬਹੁਤ ਗੁੱਸਾ ਰਹਿੰਦਾ ਸੀ।** ਉਹ ਵਿਸ਼ਨੂੰ ਕੁਮਾਰ ਦਾ ਤਾਂ ਕੁਝ ਨਹੀ ਕਰ ਸਕਦਾ ਸੀ ਪਰਤੂੰ ਮ੍ਰਿਤਕ ਬੂਟਾ ਖਾਨ ਦਾ ਕੰਡਾ ਕੱਢਣ ਲਈ ਹਰ ਵਕਤ ਸੋਚਦਾ ਰਹਿੰਦਾ ਸੀ। ਮਿਤੀ 05-07-2017 ਨੂੰ ਉਹ ਸ਼ੈਲਰ ਵਿੱਚ ਦਿਨ ਦਾ ਚੌਂਕੀਦਾਰਾ ਕਰ ਕੇ ਆਪਣੇ ਮਾਲਕ ਵਿਸ਼ਨੂੰ ਕੁਮਾਰ ਦੇ ਘਰ ਚਲਾ ਗਿਆ ਸੀ। ਜਿਥੇ

ਉਹ ਉਹਨਾਂ ਦੀਆਂ ਰੋਟੀਆਂ ਬਣਾ ਕੇ ਰੋਜ਼ ਦੀ ਤਰ੍ਹਾਂ ਵਿਸ਼ਨੂੰ ਕੁਮਾਰ ਦਾ ਮੋਟਰਸਾਇਕਲ ਲੈ ਕੇ ਉਹ ਆਪਣੇ ਘਰ ਮੌੜ ਕਲਾਂ ਚਲਾ ਗਿਆ ਸੀ। ਉਸਦਾ ਸਾਰਾ ਪਰਿਵਾਰ ਯੂ.ਪੀ. ਗਿਆ ਹੋਇਆ ਸੀ। ਉਸ ਵਕਤ ਰਾਤ ਕਰੀਬ 9 ਵਜੇ ਦਾ ਟਾਇਮ ਸੀ। ਮ੍ਰਿਤਕ ਬੂਟਾ ਖਾਨ ਸ਼ਰਾਬ ਪੀਣ ਦਾ ਆਦੀ ਸੀ। ਮ੍ਰਿਤਕ ਬੂਟਾ ਖਾਨ ਨੂੰ ਸਬਕ ਸਿਖਾਉਣ ਲਈ ਇਹ ਚੰਗਾ ਮੌਕਾ ਸੀ। ਉਹ ਆਪਣੇ ਘਰੋ ਕੁਹਾੜੀ ਚੁੱਕ ਕੇ ਪੈਦਲ ਹੀ ਸ਼ੈਲਰ ਤੇ ਆ ਗਿਆ ਸੀ, ਸ਼ੈਲਰ ਦਾ ਦਰਵਾਜਾ ਖੁੱਲ੍ਹਾ ਸੀ। ਮ੍ਰਿਤਕ ਬੂਟਾ ਖਾਨ ਧੁਤ ਨਸ਼ੇ ਵਿੱਚ ਬਰਾਂਡੇ ਵਿੱਚ ਤੁਰ ਫਿਰ ਰਿਹਾ ਸੀ। ਉਸ ਨੇ ਮੌਕਾ ਵੇਖ ਕੇ ਕੁਹਾੜੀ ਦੇ 2/3 ਵਾਰ ਉਸ ਦੇ ਮੱਥੇ ਅਤੇ ਸਿਰ ਪਰ ਕਰ ਦਿੱਤੇ। ਜਿਸ ਕਾਰਨ ਮ੍ਰਿਤਕ ਬੂਟਾ ਖਾਨ ਜਮੀਨ ਤੇ ਡਿੱਗ ਪਿਆ ਸੀ। ਫਿਰ ਉਸ ਨੇ ਡਿੱਗੇ ਪਏ ਬੂਟਾ ਖਾਨ ਦੇ ਸਿਰ ਪਰ ਹੋਰ 2/3 ਕੁਹਾੜੀ ਦੇ ਵਾਰ ਕਰ ਦਿੱਤੇ ਸੀ। ਜਦੋ ਉਸ ਨੂੰ ਬੂਟਾ ਖਾਨ ਦੇ ਮਰਨ ਦੀ ਤਸੱਲੀ ਹੋ ਗਈ ਤਾਂ ਉਸ ਨੇ ਮ੍ਰਿਤਕ ਬੂਟਾ ਖਾਨ ਨੂੰ ਘੜੀਸ ਕੇ ਸ਼ੈਲਰ ਵਿੱਚ ਬਣੇ ਦਫਤਰ ਦੇ ਮਗਰ ਗੱਟਰ ਪਾਸ ਲਿਜਾ ਕੇ, ਗੱਟਰ ਪਰ ਪਏ ਪੱਥਰ ਨੂੰ ਉਥੇ ਪਈ ਲੋਹੇ ਦੀ ਰਾਡ ਨਾਲ ਪਾਸੇ ਕਰ ਕੇ, ਮ੍ਰਿਤਕ ਬੂਟਾ ਖਾਨ ਨੂੰ ਸਿਰ ਪਰਨੇ ਗੱਟਰ ਵਿੱਚ ਸੁੱਟ ਦਿੱਤਾ ਅਤੇ ਗੱਟਰ ਉੱਪਰ ਢੱਕਣ ਰੱਖ ਦਿੱਤਾ ਅਤੇ ਘੜੀਸਣ ਦੇ ਨਿਸ਼ਾਨ ਅਤੇ ਖੂਨ ਦੇ ਧੱਬੇ ਉਸ ਨੇ ਕਪੜੇ ਨਾਲ ਚੰਗੀ ਤਰ੍ਹਾਂ ਸਾਫ ਕਰ ਦਿੱਤੇ ਸੀ। ਫਿਰ ਉਸ ਨੇ ਮ੍ਰਿਤਕ ਬੂਟਾ ਖਾਨ ਦਾ ਮੇਜ ਤੇ ਪਿਆ ਮੋਬਾਇਲ ਫੋਨ ਅਤੇ ਪਰਸ ਜਿਸ ਵਿੱਚ ਆਧਾਰ ਕਾਰਡ, ਡਰਾਇਵਿੰਗ ਲਾਇਸੈਂਸ ਸੀ ਅਤੇ ਰੋਟੀ ਦਾ ਡੱਬਾ ਚੁੱਕ ਲਿਆ ਅਤੇ ਬੂਟਾ ਖਾਨ ਦੇ ਮੋਟਰਸਾਇਕਲ ਨੂੰ ਸ਼ੈਲਰ ਦੇ ਗੇਟ ਤੋਂ ਬਾਹਰ ਕੱਢ ਕੇ ਸ਼ੈਲਰ ਦੇ ਗੇਟ ਨੂੰ ਜਿੰਦਾ ਲਾ ਕੇ ਮੋਟਰਸਾਇਕਲ ਨੂੰ ਰੇਲਵੇ ਲਾਇਨਾਂ ਤੇ ਸੁੱਟ ਦਿੱਤਾ ਤਾਂ ਜੋ ਕਿਸੇ ਨੂੰ ਉਸ ਪਰ ਸ਼ੱਕ ਨਾ ਹੋ ਸਕੇ ਅਤੇ ਸ਼ੈਲਰ ਵਾਲੇ ਅਤੇ ਹੋਰ ਲੋਕ ਇਹ ਸਮਝਣ ਮ੍ਰਿਤਕ ਬੂਟਾ ਖਾਨ ਰੋਟੀ ਲੈਣ ਗਿਆ ਵਾਪਸ ਨਹੀ ਆਇਆ ਅਤੇ ਉਹਨਾਂ ਦਾ ਧਿਆਨ ਸ਼ੈਲਰ ਦੇ ਗੱਟਰ ਵੱਲ ਨਾ ਜਾਵੇ ਅਤੇ ਨਾ ਹੀ ਕੋਈ ਉਸ ਪਰ ਸ਼ੱਕ ਕਰ ਸਕੇ। ਉਸ ਨੇ ਮ੍ਰਿਤਕ ਦਾ ਮੋਟਰਸਾਇਕਲ ਰੇਲਵੇ ਲਾਇਨਾ ਤੇ ਸੁੱਟ ਕੇ ਕੁਹਾੜੀ ਨੂੰ ਰੇਲਵੇ ਲਾਇਨ ਪਾਸ ਲੱਗੇ ਦਰੱਖਤ ਪਾਸ ਘਾਹ ਫੂਸ ਥੱਲੇ ਲੁਕਾ ਛਿਪਾ ਕੇ ਰੱਖ ਦਿੱਤਾ ਸੀ। ਫਿਰ ਉਸ ਨੇ ਘਰ ਜਾ ਕੇ ਸ਼ੈਲਰ ਦੀਆਂ  ਚਾਬੀਆਂ, ਮ੍ਰਿਤਕ ਬੂਟਾ ਖਾਨ ਦਾ ਬਟੂਆ, ਆਧਾਰ ਕਾਰਡ ਅਤੇ ਡਰਾਇਵਿੰਗ ਲਾਇਸੈਂਸ ਮੋਮੀ ਕਾਗਜ ਦੇ ਲਿਫਾਫੇ ਵਿੱਚ ਪਾ ਕੇ ਆਪਣੇ ਟਰੰਕ ਵਿੱਚ ਕੱਪੜਿਆ ਵਿੱਚ ਛੁਪਾ ਕੇ ਰੱਖ ਦਿੱਤਾ ਸੀ ਉਹ ਰੋਜ਼ ਦੀ ਤਰ੍ਹਾ ਆਪਣੀ ਡਿਊਟੀ ਪਰ ਆਉਣ ਜਾਣ ਲੱਗ ਗਿਆ ਸੀ। ਤਾਂ ਜੋ ਕਿਸੇ ਨੂੰ ਉਸ ਪਰ ਸ਼ੱਕ ਨਾ ਹੋ ਸਕੇ। ਇਸ ਅੰਨੇ ਕਤਲ ਤੋਂ ਬਾਅਦ ਮੌੜ ਮੰਡੀ ਦੇ ਸੈਲਰ ਵਪਾਰੀਆਂ ਵਿੱਚ ਬੜੇ ਡਰ ਅਤੇ ਦਹਿਸ਼ਤ ਦਾ ਮਹੌਲ ਬਣ ਗਿਆ ਸੀ। ਦੋਸ਼ੀ ਦੇ ਫੜੇ ਜਾਣ ਅਤੇ ਇਸ ਕੇਸ ਦੇ ਟਰੇਸ ਹੋ ਜਾਣ ਤੇ ਮੌੜ ਮੰਡੀ ਦੇ ਲੋਕਾਂ ਨੇ ਸੁਖ ਦਾ ਸਾਹ ਲਿਆ ਹੈ। ਦੋਸ਼ੀ ਨੂੰ ਕੱਲ੍ਹ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾਵੇਗਾ ਤਾਂ ਜੋ ਹੋਰ ਡੂੰਘਾਈ ਨਾਲ ਪੁੱਛਗਿਛ ਕੀਤੀ ਜਾ ਸਕੇ। ਇਸ ਅੰਨੇ, ਗੁੰਝਲਦਾਰ ਕਤਲ ਨੂੰ ਸੁਲਝਾਉਣਾ ਬਠਿੰਡਾ ਪੁਲਿਸ ਦਾ ਸ਼ਲਾਘਾਯੋਗ ਕੰਮ ਹੈ।

**<u>ਨਾਮਜਦ ਕੀਤਾ:</u>** **ਮਿਤੀ** 12/03/2018

**<u>ਗ੍ਰਿਫਤਾਰੀ:</u>** **ਮਿਤੀ** 13/03/2018 , ਸੁਭਾ 7 ਵਜੇ ਮਾਨਸਾ ਕੈਂਚੀਆਂ ਤੋ ਗ੍ਰਿਫਤਾਰ ਕੀਤਾ।

**<u>ਬ੍ਰਾਮਦਗੀ:</u>**

1. ਦੋਸ਼ੀ ਉਧੇਵੀਰ ਸਿੰਘ ਉਰਫ ਪੱਪੂ ਦੇ ਇੰਕਸ਼ਾਫ ਕਰਨ ਤੇ ਉਸ ਦੇ ਘਰੋਂ ਚਾਰ ਚਮਨ ਬਸਤੀ, ਸਿਰਸਾ ਰੋਡ, ਮਾਨਸਾ ਤੋ ਉਸ ਦੇ ਟਰੰਕ ਵਿੱਚੋ  ਮ੍ਰਿਤਕ ਦਾ ਮੋਬਾਇਲ ਫੋਨ, ਸ਼ੈਲਰ ਦੀਆਂ ਚਾਬੀਆਂ, ਮ੍ਰਿਤਕ ਦਾ ਬਟੂਆ, ਆਧਾਰ ਕਾਰਡ ਅਤੇ ਡਰਾਇਵਿੰਗ ਲਾਇਸੈਂਸ ਬਰਾਮਦ ਕਰਾਏ।

2. ਵਾਰਦਾਤ ਸਮੇਂ ਵਰਤੀ ਗਈ ਕੁਹਾੜੀ **ਜਾਖਲ ਰੇਲਵੇ ਲਾਇਨ ਮੌੜ ਮੰਡੀ ਤੋਂ ਪਿੰਡ ਕੱਲ੍ਹੋ ਨੂੰ ਜਾਂਦੀ ਲਿੰਕ ਰੋਡ ਕਾਲੇ ਦੇ ਸ਼ੈਲਰ ਸਾਹਮਣੇ ਦਰਖਤ ਦੀ ਜੜ ਨੇੜੇਓ** ਘਾਹ ਫੂਸ ਥੱਲੋਂ ਬਰਾਮਦ ਕਰਾਈ।

-ਸਹੀ/-
ਸੀਨੀਅਰ ਕਪਤਾਨ ਪੁਲਿਸ,
ਬਠਿੰਡਾ।